ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/......... ਮਿਤੀ : ...........
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਹਵਾਲਾ :- ਮੁੱਖ-ਦਫਤਰ ਵਲੋਂ ਜਾਰੀ ਪੱਤਰ ਨੰ : ਰਸਸ/ ਆਰ. ਟੀ. ਆਈ. / ਹੁਸ਼ਿਆਰਪੁਰ/ 15705, ਮਿਤੀ : 04.12.2008.

**ਯਾਦ ਪੱਤਰ :**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਬਿਸ਼ਨ ਸਿੰਘ ਪੁੱਤਰ ਸ੍ਰੀ ਅਮਰ ਨਾਥ ਵਾਸੀ ਪਿੰਡ ਤੇ ਡਾਕਖਾਨਾ ਬਰਿਆਣਾ, ਤਹਿ: ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਦਾਇਰ ਕੀਤੀ ਗਈ ਅਪੀਲ ਮੁੱਖ-ਦਫਤਰ ਵਲੋਂ ਹਵਾਲਾ ਅਧੀਨ ਪੱਤਰ ਰਾਹੀਂ ਇਸ ਦਫਤਰ ਨੂੰ ਨਿਪਟਾਰੇ ਹਿੱਤ ਪ੍ਰਾਪਤ ਹੋਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 28.12.2018 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ. ਟੀ. ਆਈ. ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ ਵਿ ਪੱ ਨੰ: 51/8/2014/2 ਆਰ. ਟੀ. ਆਈ. ਐਨ. ਸੀ. / 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਬਿਸ਼ਨ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 28.12.2018 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ .............. ਮਿਤੀ : ................
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਬਿਸ਼ਨ ਸਿੰਘ ਪੁੱਤਰ ਸ੍ਰੀ ਅਮਰ ਨਾਥ,
ਵਾਸੀ ਪਿੰਡ ਤੇ ਡਾਕਖਾਨਾ ਬਰਿਆਣਾ,ਤਹਿ: ਅਤੇ ਜ਼ਿਲ੍ਹਾ ਹੁਸ਼ਿਆਰਪੁਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ।

ਵਿਸ਼ਾ :- ਆਰ.ਟੀ.ਆਈ.ਐਕਟ-2005 ਦੇ ਸੈਕਸ਼ਨ 19 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ (ਵਲੋਂ ਸ੍ਰੀ ਬਿਸ਼ਨ ਸਿੰਘ ਪੁੱਤਰ ਸ੍ਰੀ ਅਮਰ ਨਾਥ)।

ਹੁਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਇਹ ਅਪੀਲ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ ਦੇ ਪੱਤਰ ਨੰ :-ਰਸਸ/ ਆਰ.ਟੀ.ਆਈ./ ਹੁਸ਼ਿਆਰਪੁਰ/ 15705, ਮਿਤੀ : 04.12.2018 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 6(3) ਤਹਿਤ ਇਸ ਦਫਤਰ ਨੂੰ ਟਰਾਂਸਫਰ ਕਰਦੇ ਹੋਏ ਨਿਪਟਾਰੇ ਹਿੱਤ ਭੇਜੀ ਗਈ। ਇਹ ਅਪੀਲ ਪ੍ਰਾਰਥੀ ਵਲੋਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਪਾਸੋਂ ਆਰ.ਟੀ.ਆਈ.ਐਕਟ-2005 ਤਹਿਤ ਦਰਖਾਸਤ ਮਿਤੀ : 05.04.2017 ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਦਾਇਰ ਕੀਤੀ ਗਈ। ਅਪੀਲਕਰਤਾ ਵਲੋਂ ਦਰਖਾਸਤ ਮਿਤੀ :05.04.2017 ਰਾਹੀਂ ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਦਿੱਤੀ ਗਈ ਦਰਖਾਸਤ ਮਿਤੀ : 27.04.2016 ਤੇ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਦੇਣ ਲਈ ਬੇਨਤੀ ਕੀਤੀ ਗਈ ਸੀ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ। ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ।

ਮਿਤੀ : 19.12.2018 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਸ੍ਰੀ ਅਮਰਜੀਤ ਸਿੰਘ, ਸਟੈਨੋ ਟਾਈਪਿਸਟ ਹਾਜਰ ਆਇਆ ਅਤੇ ਉਸਨੇ ਪੀ.ਆਈ.ਓ.ਵਲੋਂ ਪੱਤਰ ਨੰ : ਸੁਪਰਡੈਂਟ/ ਡੀ.ਆਰ.ਐਚ./ 9700, ਮਿਤੀ : 18.12.2018 ਰਾਹੀਂ ਜਾਰੀ ਕੀਤਾ ਗਿਆ ਜਵਾਬ ਪੇਸ਼ ਕੀਤਾ। ਜਵਾਬ ਅਨੁਸਾਰ ਸ੍ਰੀ ਬਿਸ਼ਨ ਸਿੰਘ, ਅਪੀਲਕਰਤਾ ਵਲੋਂ ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਦਿੱਤੀ ਗਈ ਦਰਖਾਸਤ ਮਿਤੀ : 27.04.2016 ਸਬੰਧੀ ਕੀਤੀ ਗਈ ਕਾਰਵਾਈ ਬਾਰੇ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਿੱਤੀ ਗਈ ਦਰਖਾਸਤ ਮਿਤੀ : 05.04.2017 ਰਾਹੀਂ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ।

........2........

ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਪ੍ਰਾਰਥੀ ਵਲੋਂ ਦਿੱਤੀ ਗਈ ਦਰਖਾਸਤ ਮਿਤੀ : 27.04.2016 ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਕਾਰਵਾਈ ਲਈ ਭੇਜੀ ਗਈ। ਸਹਾਇਕ ਰਜਿਸਟਰਾਰ ਵਲੋਂ ਉਨ੍ਹਾਂ ਦੇ ਪੱਤਰ ਨੰ : ਬੀ.ਸੀ./ਸਰਹ/ 2573, ਮਿਤੀ : 14.06.2016 ਰਾਹੀਂ ਸ੍ਰੀ ਬਿਸ਼ਨ ਸਿੰਘ ਨੂੰ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕੀਤਾ ਗਿਆ, ਜਿਸ ਅਨੁਸਾਰ ਸੁਣਵਾਈ ਦੌਰਾਨ ਸ੍ਰੀ ਬਿਸ਼ਨ ਸਿੰਘ ਵਲੋਂ ਲਿਖਤੀ ਬਿਆਨ ਦਿੱਤਾ ਗਿਆ ਕਿ ਉਸਦਾ ਹੱਦ ਕਰਜਾ ਨਹੀਂ ਬਣਾਇਆ ਗਿਆ, ਪਰ ਉਸਨੇ ਕਦੇ ਸਕੱਤਰ ਜਾਂ ਸਭਾ ਦੀ ਪ੍ਰਬੰਧਕ ਕਮੇਟੀ ਨੂੰ ਲਿਖ ਕੇ ਨਹੀਂ ਦਿੱਤਾ। ਸਹਾਇਕ ਰਜਿਸਟਰਾਰ ਵਲੋਂ ਸ੍ਰੀ ਬਿਸ਼ਨ ਸਿੰਘ ਨੂੰ ਲਿਖਿਆ ਗਿਆ ਕਿ ਜੇਕਰ ਉਸਨੇ ਆਪਣਾ ਹੱਦ ਕਰਜਾ ਬਨਾਉਣਾ ਹੈ ਤਾਂ ਆਪਣੀ ਜ਼ਮੀਨ ਦੀ ਫ਼ਰਦ ਅਤੇ ਲਿਖਤੀ ਬੇਨਤੀ ਸਭਾ ਦੀ ਪ੍ਰਬੰਧਕ ਕਮੇਟੀ ਨੂੰ ਦਿੱਤੀ ਜਾਵੇ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਆਪਣੇ ਜਵਾਬ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਸ੍ਰੀ ਬਿਸ਼ਨ ਸਿੰਘ, ਅਪੀਲਕਰਤਾ ਵਲੋਂ ਆਰ.ਟੀ.ਆਈ.ਐਕਟ-2005 ਤਹਿਤ ਦਿੱਤੀ ਗਈ ਦਰਖਾਸਤ ਮਿਤੀ : 05.04.2017 ਉਨ੍ਹਾਂ ਦੇ ਪੱਤਰ ਨੰ : 1480, ਮਿਤੀ : 06.04.2017 ਰਾਹੀਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਕਾਰਵਾਈ ਲਈ ਭੇਜੀ ਗਈ। ਇਸ ਸਬੰਧੀ ਸਹਾਇਕ ਰਜਿਸਟਰਾਰ ਵਲੋਂ ਉਨ੍ਹਾਂ ਦੇ ਪੱਤਰ ਨੰ : 677, ਮਿਤੀ : 10.07.2017 ਰਾਹੀਂ ਪ੍ਰਾਰਥੀ ਦੀ ਦਰਖਾਸਤ ਮਿਤੀ : 27.04.2016 ਤੇ ਕਾਰਵਾਈ ਕਰਨ ਹਿੱਤ ਸਬੰਧਤ ਨਰੀਖਕ ਨੂੰ ਲਿਖਿਆ ਗਿਆ। ਸਬੰਧਤ ਨਰੀਖਕ ਵਲੋਂ ਅਪੀਲਕਰਤਾ ਵਲੋਂ ਕੀਤੀ ਬੇਨਤੀ ਅਨੁਸਾਰ ਉਸਦਾ ਹੱਦ ਕਰਜਾ ਤਿਆਰ ਕਰਵਾ ਕੇ ਜ਼ਿਲ੍ਹਾ ਮੈਨੇਜਰ, ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਹੁਸ਼ਿਆਰਪੁਰ ਨੂੰ ਭੇਜ ਦਿੱਤਾ ਗਿਆ। ਜ਼ਿਲ੍ਹਾ ਮੈਨੇਜਰ, ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਹੁਸ਼ਿਆਰਪੁਰ ਵਲੋਂ ਆਪਣੇ ਪੱਤਰ ਨੰ : 979, ਮਿਤੀ : 12.04.2018 ਰਾਹੀਂ ਸਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਨੂੰ ਲਿਖਿਆ ਕਿ ਸ੍ਰੀ ਬਿਸ਼ਨ ਸਿੰਘ ਵਲੋਂ ਦਿੱਤੀ ਗਈ ਫ਼ਰਦ ਮੁਤਾਬਕ ਉਸ ਵਲੋਂ ਪ੍ਰਾਇਮਰੀ ਐਗਰੀਕਲਚਰ ਡਿਵਲਪਮੈਂਟ ਬੈਂਕ ਲਿਮ:, ਹੁਸ਼ਿਆਰਪੁਰ ਪਾਸੋਂ ਕਰਜਾ ਲਿਆ ਹੋਇਆ ਹੈ ਅਤੇ ਉਸਦੀ ਜ਼ਮੀਨ ਪੀ.ਏ.ਡੀ.ਬੀ., ਹੁਸ਼ਿਆਰਪੁਰ ਦੇ ਨਾਮ ਮਾਰਟਗੇਜ਼ ਕੀਤੀ ਹੋਈ ਹੈ। ਸਹਾਇਕ ਰਜਿਸਟਰਾਰ ਵਲੋਂ ਪੀ.ਏ.ਡੀ.ਬੀ., ਹੁਸ਼ਿਆਰਪੁਰ ਪਾਸੋਂ ਰਿਪੋਰਟ ਮੰਗੀ ਗਈ। ਪੀ.ਏ.ਡੀ.ਬੀ. ਹੁਸ਼ਿਆਰਪੁਰ ਵਲੋਂ ਸੂਚਿਤ ਕੀਤਾ ਗਿਆ ਕਿ ਸ੍ਰੀ ਬਿਸ਼ਨ ਸਿੰਘ ਵਲੋਂ ਮਿਤੀ : 14.07.2008 ਨੂੰ ਬੈਂਕ ਤੋਂ 5,00,000/-ਰੁਪੈ ਕਰਜਾ ਰੂਰਲ ਹਾਊਸ ਮੰਤਵ ਲਈ ਕਰਜਾ ਲਿਆ ਗਿਆ। ਸ੍ਰੀ ਬਿਸ਼ਨ ਸਿੰਘ ਇਸ ਕਰਜੇ ਦਾ ਡਿਫਾਲਟਰ ਚੱਲਿਆ ਆ ਰਿਹਾ ਹੈ ਅਤੇ 2,46,000/-ਰੁਪੈ ਦਾ ਡਿਫਾਲਟਰ ਹੈ। ਬੈਂਕ ਵਲੋਂ ਇਹ ਵੀ ਲਿਖਿਆ ਗਿਆ ਕਿ ਸ੍ਰੀ ਬਿਸ਼ਨ ਸਿੰਘ ਦੀ ਪਤਨੀ ਸ੍ਰੀਮਤੀ ਸੁਰਜੀਤ ਕੋਰ ਵਲੋਂ ਬੈਂਕ ਦੀ ਹਰਿਆਣਾ ਬ੍ਰਾਂਚ ਪਾਸੋਂ ਐਸ.ਟੀ.ਐਨ.ਏ.ਕਰਜਾ ਲਿਆ ਗਿਆ ਸੀ। ਉਸ ਵਲੋਂ ਵੀ ਇਹ ਕਰਜਾ ਬੈਂਕ ਨੂੰ ਵਾਪਸ ਨਹੀਂ ਕੀਤਾ ਗਿਆ। ਇਸ ਕਰਜੇ ਦੀ ਸ੍ਰੀ ਬਿਸ਼ਨ ਸਿੰਘ ਵਲੋਂ ਗਰੰਟੀ ਪਾਈ ਗਈ ਹੈ। ਉੱਕਤ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਮੈਨੇਜਰ, ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਹੁਸ਼ਿਆਰਪੁਰ ਵਲੋਂ ਪ੍ਰਾਰਥੀ ਦਾ ਕਰਜਾ ਮੰਨਜੂਰ ਨਹੀਂ ਕੀਤਾ ਗਿਆ। ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਇਹ ਵੀ ਲਿਖਿਆ ਗਿਆ ਹੈ ਕਿ ਸ੍ਰੀ ਬਿਸ਼ਨ ਸਿੰਘ ਦਾ ਹੱਦ ਕਰਜਾ ਬਨਾਉਣ ਸਬੰਧੀ ਉਨ੍ਹਾਂ ਵਲੋਂ ਜਾਂ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਕੋਈ ਅਣਗਹਿਲੀ ਨਹੀਂ ਵਰਤੀ ਗਈ ਹੈ। ਉਨ੍ਹਾਂ ਵਲੋਂ ਦੋ ਵਾਰ ਪ੍ਰਾਰਥੀ ਦਾ ਹੱਦ ਕਰਜਾ ਬਨਾਉਣ ਵਾਸਤੇ ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਹੁਸ਼ਿਆਰਪੁਰ ਨੂੰ ਭੇਜਿਆ ਗਿਆ, ਪਰੰਤੂ ਬੈਂਕ ਵਲੋਂ ਪ੍ਰਾਰਥੀ ਦਾ ਹੱਦ ਕਰਜਾ ਮੰਨਜੂਰ ਨਹੀਂ ਕੀਤਾ ਗਿਆ। ਪ੍ਰਾਰਥੀ ਵਲੋਂ ਦਿੱਤੀ ਗਈ

........3........

ਦਰਖਾਸਤ ਮਿਤੀ : 27.04.2016 ਸਬੰਧੀ ਜੋ ਕਾਰਵਾਈ ਕੀਤੀ ਗਈ ਹੈ, ਉਸ ਸਬੰਧੀ ਸੂਚਨਾ ਪਹਿਲਾਂ ਹੀ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਪੱਤਰ ਨੰ : 2573, ਮਿਤੀ : 14.06.2016 ਰਾਹੀਂ ਅਪੀਲਕਰਤਾ ਨੂੰ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਪੱਤਰ ਨੰ : 2942, ਮਿਤੀ : 08.06.2018 ਨੂੰ ਵੀ ਰਜਿਸਟਰਡ ਪੋਸਟ ਰਾਹੀਂ ਉਸਨੂੰ ਸੂਚਿਤ ਕੀਤਾ ਜਾ ਚੁੱਕਾ ਹੈ। ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਇਹ ਵੀ ਸੂਚਿਤ ਕੀਤਾ ਗਿਆ ਹੈ ਕਿ ਸ੍ਰੀ ਬਿਸ਼ਨ ਸਿੰਘ ਵਲੋਂ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਚੰਡੀਗੜ ਜੀ ਨੂੰ ਕੰਪਲੇਂਟ ਨੰਬਰ 181 ਆਫ 2018 ਪਾਈ ਸੀ, ਜਿਸਦੀ ਸੁਣਵਾਈ ਵੱਖ-ਵੱਖ ਮਿਤੀਆਂ ਨੂੰ ਕੀਤੀ ਗਈ ਅਤੇ ਆਖ਼ਰੀ ਸੁਣਵਾਈ ਮਿਤੀ : 26.09.2018 ਨੂੰ ਰੱਖੀ ਗਈ, ਜਿਸਦਾ ਜਵਾਬ ਉਨ੍ਹਾਂ ਦੇ ਪੱਤਰ ਨੰ : 4228, ਮਿਤੀ : 08.08.2018 ਰਾਹੀਂ ਭੇਜਿਆ ਗਿਆ। ਇਸ ਤੋਂ ਬਾਦ ਮਾਨਯੋਗ ਅਦਾਲਤ ਵਲੋਂ ਸੁਣਵਾਈ ਵਾਸਤੇ ਕੋਈ ਮਿਤੀ ਨਿਸ਼ਚਿਤ ਨਹੀਂ ਕੀਤੀ ਗਈ।

ਸ੍ਰੀ ਬਿਸ਼ਨ ਸਿੰਘ ਵਲੋਂ ਦਿੱਤੀ ਗਈ ਦਰਖਾਸਤ ਮਿਤੀ : 27.04.2016 ਤੇ ਕੀਤੀ ਗਈ ਕਾਰਵਾਈ ਬਾਰੇ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਪੱਤਰ ਨੰ : 2573, ਮਿਤੀ : 14.06.2016 ਰਾਹੀਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਿਤ ਕੀਤਾ ਜਾ ਚੁੱਕਾ ਹੈ ਅਤੇ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 05.04.2017 ਤੇ ਕਾਰਵਾਈ ਕਰਦੇ ਹੋਏ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਰਜਿਸਟਰਡ ਪੱਤਰ ਨੰ : 2942, ਮਿਤੀ : 08.06.2018 ਰਾਹੀਂ ਪ੍ਰਾਰਥੀ ਨੂੰ ਦੁਬਾਰਾ ਸੂਚਿਤ ਕੀਤਾ ਗਿਆ। ਜਿੱਥੋਂ ਤੱਕ ਪ੍ਰਾਰਥੀ ਦਾ ਹੱਦ ਕਰਜਾ ਬਨਾਉਣ ਦਾ ਸਬੰਧ ਹੈ, ਸ੍ਰੀ ਬਿਸ਼ਨ ਸਿੰਘ ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਹੁਸ਼ਿਆਰਪੁਰ ਤੋਂ ਲਏ ਕਰਜੇ ਵਿੱਚ 2,46,000/- ਰੁਪੈ ਦਾ ਡਿਫਾਲਟਰ ਹੋਣ ਕਾਰਨ ਅਤੇ ਉਸਦੀ ਪਤਨੀ ਸ੍ਰੀਮਤੀ ਸੁਰਜੀਤ ਕੌਰ ਵੀ ਬੈਂਕ ਦੀ ਹਰਿਆਣਾ ਬ੍ਰਾਂਚ ਤੋਂ ਲਏ ਗਏ ਕਰਜੇ (ਜਿਸਦਾ ਸ੍ਰੀ ਬਿਸ਼ਨ ਸਿੰਘ ਗਰੰਟਰ ਹੈ) ਦੀ ਡਿਫਾਲਟਰ ਹੋਣ ਕਾਰਨ ਜ਼ਿਲ੍ਹਾ ਮੈਨੇਜਰ, ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਹੁਸ਼ਿਆਰਪੁਰ ਵਲੋਂ ਸ੍ਰੀ ਬਿਸ਼ਨ ਸਿੰਘ ਦਾ ਹੱਦ ਕਰਜਾ ਨਹੀਂ ਬਣਾਇਆ ਗਿਆ। ਪ੍ਰਾਰਥੀ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 05.04.2017 ਤੇ ਕੀਤੀ ਗਈ ਕਾਰਵਾਈ ਬਾਰੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਪ੍ਰਾਰਥੀ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ, ਜਿਸਨੂੰ ਮੁੱਖ ਰੱਖਦੇ ਹੋਏ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਮਿਤੀ : 28.12.2018.

(ਐਪੀਲੈਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।